# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ, ਪੰਜਾਬ।

ਈ-ਬਲਾਕ, ਪੰਜਵੀ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਸ. ਅ.ਸ ਨਗਰ (ਮੋਹਾਲੀ), ਪੰਜਾਬ।

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ ਤੇ ਸੈ.ਸਿ),
ਪੰਜਾਬ।

ਮੀਮੋਨੰ.: - ਸਮੱਗਰਾ/ਸਿ.ਵ/e193804/2026-27/ 245090 ਮਿਤੀ:- 08.09.2026

ਵਿਸ਼ਾ:- Udise + 2026-27 ਸਰਵੇ ਵਿਚ ਸਕੂਲਾਂ ਤੋਂ ਸਹੀ ਡਾਟਾ ਭਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੇ ਧਿਆਨ ਹਿੱਤ ਦੱਸਿਆ ਜਾਂਦਾ ਹੈ ਕਿ Udise + ਸਰਵੇ ਸਾਲ 2026-27 ਲਈ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਸਰਵੇ ਸਬੰਧੀ ਆਪ ਜੀ ਦੇ ਜਿਲ੍ਹੇ ਦੇ ਸਕੂਲਾਂ ਵੱਲੋਂ ਆਨਲਾਇਨ ਪੋਰਟਲ ਤੇ ਆਪਣੇ ਸਕੂਲ ਦੇ Infrastructure ਦੀ ਮੌਜੂਦਾ ਸਥਿਤੀ ਅਨੁਸਾਰ ਜਾਣਕਾਰੀ ਵੀ ਅਪਡੇਟ ਕੀਤੀ ਜਾ ਰਹੀ ਹੈ।

3.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ Udise+ ਸਰਵੇ ਦਾ ਡਾਟਾ ਬਹੁਤ ਹੀ ਮਹੱਤਵਪੂਰਨ ਹੈ ਕਿਉਂਕਿ ਇਸ ਡਾਟੇ ਦੀ ਵਰਤੋਂ ਹਰ ਸਾਲ ਸਮਗਰਾ ਸਿੱਖਿਆ ਅਭਿਆਨ ਸਕੀਮ,ਪੀ.ਐਮ. ਸ੍ਰੀ ਸਕੀਮ ਅਤੇ ਵੱਖ-ਵੱਖ ਸਟੇਟ ਸਕੀਮਾਂ ਲਈ ਤਹਿਤ ਤਿਆਰ ਕੀਤੀ ਜਾਂਦੀ ਸਲਾਨਾ ਯੋਜਨਾ ਲਈ ਕੀਤੀ ਜਾਂਦੀ ਹੈ। ਇਸ ਕਰਕੇ Udise+ ਸਰਵੇ ਵਿਚ ਸਬੰਧਤ ਸਕੂਲਾਂ ਵਲੋਂ ਭਰੇ ਜਾਣ ਵਾਲੇ ਆਂਕੜੇ ਸਹੀ ਅਤੇ ਦਰੁਸਤ ਹੋਣੇ ਚਾਹੀਦੇ ਹਨ।

4.0 ਅਕਸਰ ਦੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀਆਂ ਵੱਲੋਂ Udise+ ਸਰਵੇ ਵਿੱਚ ਸਕੂਲ ਦੇ Infrastructure ਨਾਲ ਸੰਬੰਧਤ ਗਲਤ Data ਭਰ ਦਿੱਤਾ ਜਾਂਦਾ ਹੈ। ਜਦੋਂ ਮੁੱਖ ਦਫ਼ਤਰ ਵੱਲੋਂ ਜਿਲ੍ਹੇ ਦੇ ਡੀ.ਐਸ.ਐਮ ਅਤੇ ਏ.ਸੀ ਸਾਹਿਬਾਨ ਵੱਲੋਂ ਇਸ Data ਦੀ Verification ਕਰਵਾਈ ਜਾਂਦੀ ਹੈ ਤਾਂ Udise+ ਵਿੱਚ ਭਰਿਆ Data ਸਕੂਲ ਦੇ ਮੌਜੂਦਾ Infrastructure ਨਾਲ ਮੇਲ ਨਹੀਂ ਖਾਂਦਾ। ਰਾਜ ਪੱਧਰ ਤੇ Udise+ ਸਰਵੇ ਦਾ ਡਾਟਾ ਸਰਟੀਫਾਈ ਹੋਣ ਉਪਰੰਤ ਭਾਰਤ ਸਰਕਾਰ ਨੂੰ ਜਮ੍ਹਾਂ ਕਰਵਾ ਦਿੱਤਾ ਜਾਂਦਾ ਹੈ ਜਿਸ ਤੋਂ ਬਾਅਦ ਡਾਟਾ ਅਪਡੇਟ ਕਰਨਾ ਸੰਭਵ ਨਹੀ ਹੁੰਦਾ।

5.0 ਆਪ ਜੀ ਨੂੰ ਲਿੱਖਿਆ ਜਾਂਦਾ ਹੈ ਕਿ ਆਪ ਜੀ ਦੇ ਜਿਲ੍ਹੇ ਦੇ ਸਕੂਲਾਂ ਵੱਲੋਂ Udise+ 2026-27 ਸਰਵੇ ਲਈ Infrastructure ਨਾਲ ਸੰਬੰਧਤ ਭਰੇ ਗਏ ਡਾਟੇ ਨੂੰ ਆਪਣੇ ਪੱਧਰ ਤੇ Verify ਕਰਵਾ ਕੇ 20-09-2026 ਤੱਕ ਅਪਡੇਟ ਕਰਵਾ ਲਿਆ ਜਾਵੇ ਜੀ।

6.0 ਜਿਲ੍ਹੇ/ਸਕੂਲ ਦਾ ਡਾਟਾ ਸਹੀ ਨਾ ਭਰਨ ਅਤੇ ਸੂਚਨਾ ਨਿਰਧਾਰਤ ਸਮੇਂ ਵਿਚ ਅਪਡੇਟ ਨਾ ਕਰਨ ਦੀ ਨਿਰੋਲ ਜਿੰਮੇਵਾਰੀ ਆਪ ਜੀ ਦੀ ਹੋਵੇਗੀ।

ਦਸਤਖਤ 08.09.2026

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ (ਸਿ.ਵ)
ਸਮੱਗਰਾ ਸਿੱਖਿਆ ਅਭਿਆਨ
ਪੰਜਾਬ।

## ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ./ਸੈ.ਸਿ.) ਬਠਿੰਡਾ

ਪੱਤਰ ਨੰਬਰ:ਐਮ.ਆਈ.ਐਸ/ 2026247184

ਮਿਤੀ: 09-09-2026

ਉਪਰੋਕਤ ਪੱਤਰ ਦਾ ਉਤਾਰਾ ਸਮੂਹ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਮੁਤਾਬਿਕ ਯੂ-ਡਾਈਸ ਪੋਰਟਲ ਤੇ ਆਪਣੇ ਸਕੂਲ ਦਾ ਡਾਟਾ ਮਿਤੀ 20-09-2026 ਤੱਕ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

09/09/26

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਬਠਿੰਡਾ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ